**ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ./ਐ.ਸਿੱ.),
ਸਮੂਹ ਡਾਈਟ ਪ੍ਰਿੰਸੀਪਲ,
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,
ਸਮੂਹ ਸਕੂਲ ਮੁਖੀ।

ਮੀਮੋ ਨੰ: SCERT/SCI/2021 278387 ਮਿਤੀ: 16/08/2021

ਵਿਸ਼ਾ:- ਨੈਸ਼ਨਲ ਅਚੀਵਮੈਂਟ ਸਰਵੇ (NAS)-2021 ਸਬੰਧੀ ਹਦਾਇਤਾਂ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਭਾਰਤ ਸਰਕਾਰ ਵੱਲੋਂ ਨੈਸ਼ਨਲ ਅਚੀਵਮੈਂਟ ਸਰਵੇ (NAS)-2021 ਕਰਨ ਲਈ 12 ਨਵੰਬਰ 2021 ਦੀ ਮਿਤੀ ਨਿਸ਼ਚਿਤ ਕੀਤੀ ਗਈ ਹੈ। ਬਾਕੀ ਪ੍ਰੀਖਿਆਵਾਂ ਦੀ ਤਰ੍ਹਾਂ ਪੰਜਾਬ ਦੇ ਵਿਦਿਆਰਥੀ ਇਸ ਪ੍ਰੀਖਿਆ ਦੌਰਾਨ ਵੀ ਆਪਣੀ ਉੱਤਮ ਕਾਰਗੁਜ਼ਾਰੀ ਦਿਖਾ ਸਕਣ, ਇਸ ਸਬੰਧ ਵਿੱਚ ਵੱਖ-ਵੱਖ ਜ਼ਿਲ੍ਹਾ ਸਿੱਖਿਆ ਅਫ਼ਸਰਾਂ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ, ਸਕੂਲ ਮੁਖੀਆਂ ਅਤੇ ਅਧਿਆਪਕਾਂ ਵੱਲੋਂ ਮਹੱਤਵਪੂਰਨ ਸੁਝਾਅ ਪ੍ਰਾਪਤ ਹੋਏ ਹਨ। ਮੁੱਖ ਦਫ਼ਤਰ ਵੱਲੋਂ ਇਹਨਾਂ ਸੁਝਾਵਾਂ ਨੂੰ ਘੋਖਣ ਤੋਂ ਬਾਅਦ ਇਹਨਾਂ ਨੂੰ ਹਦਾਇਤਾਂ ਦੇ ਰੂਪ ਵਿੱਚ ਹੇਠ ਲਿਖੇ ਅਨੁਸਾਰ ਜਾਰੀ ਕੀਤਾ ਜਾਂਦਾ ਹੈ:-

2.1 ਨੈਸ਼ਨਲ ਅਚੀਵਮੈਂਟ ਸਰਵੇ (NAS) ਦਾ ਆਧਾਰ ਸਿੱਖਣ ਪਰਿਣਾਮ (Learning Outcomes) ਹਨ, ਇਸ ਪ੍ਰੀਖਿਆ ਦੌਰਾਨ ਵਿਦਿਆਰਥੀਆਂ ਨੂੰ ਜੋ ਪ੍ਰਸ਼ਨ ਆਉਂਦੇ ਹਨ, ਉਹ ਪ੍ਰਸ਼ਨ ਕਿਸੇ ਨਾ ਕਿਸੇ ਸਿੱਖਣ ਪਰਿਣਾਮ (Learning Outcome) ਸਬੰਧੀ ਵਿਦਿਆਰਥੀਆਂ ਦੀ ਯੋਗਤਾ ਦੀ ਪਰਖ ਕਰਦੇ ਹਨ। ਜੇਕਰ ਅਧਿਆਪਕਾਂ ਵੱਲੋਂ ਆਪਣੇ ਵਿਦਿਆਰਥੀਆਂ ਨੂੰ ਨਿਰਧਾਰਤ ਸਿਲੇਬਸ ਚੰਗੇ ਤਰੀਕੇ ਨਾਲ ਕਰਵਾਇਆ ਜਾਂਦਾ ਹੈ ਤਾਂ ਵਿਦਿਆਰਥੀ ਇਸ ਪ੍ਰੀਖਿਆ ਵਿੱਚ ਉੱਤਮ ਕਾਰਗੁਜ਼ਾਰੀ ਦਿਖਾ ਸਕਦੇ ਹਨ। ਇਸ ਤਰ੍ਹਾਂ ਨੈਸ਼ਨਲ ਅਚੀਵਮੈਂਟ ਸਰਵੇ (NAS) ਵਿੱਚ ਪਰਖੇ ਜਾਣ ਵਾਲੇ ਪ੍ਰਸ਼ਨ/ਸੰਕਲਪ ਸਿਲੇਬਸ ਤੋਂ ਕੋਈ ਵੱਖਰੇ ਨਹੀਂ ਹਨ।

2.2 ਨੈਸ਼ਨਲ ਅਚੀਵਮੈਂਟ ਸਰਵੇ (NAS) ਦੌਰਾਨ ਵਿਦਿਆਰਥੀ ਦੀ competency 'ਤੇ ਪਕੜ ਦੀ ਪਰਖ ਹੁੰਦੀ ਹੈ, ਇਸ ਪ੍ਰੀਖਿਆ ਦੌਰਾਨ ਪ੍ਰਸ਼ਨ ਸਿੱਧੇ ਕਿਤਾਬਾਂ ਦੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਨਹੀਂ ਆਉਂਦੇ, ਬਲਕਿ ਸਿਲੇਬਸ ਦੇ ਸੰਕਲਪਾਂ (Concepts) ਵਿੱਚੋਂ ਹੀ ਹੁੰਦੇ ਹਨ। ਇਸ ਲਈ ਵਿਦਿਆਰਥੀ ਦੀ ਬਿਹਤਰ ਕਾਰਗੁਜ਼ਾਰੀ ਲਈ ਵੱਧ ਤੋਂ ਵੱਧ ਪ੍ਰਸ਼ਨ ਤਿਆਰ ਕਰਕੇ ਉਹਨਾਂ ਨੂੰ ਅਭਿਆਸ ਕਰਵਾਉਣ ਦੀ ਜ਼ਰੂਰਤ ਹੈ।

2.3 ਹਰ ਸਕੂਲ ਮੁਖੀ ਆਪਣੇ ਅਧਿਆਪਕਾਂ ਦੇ ਸਹਿਯੋਗ ਨਾਲ ਸਕੂਲ ਪੱਧਰ 'ਤੇ ਸਿੱਖਣ ਪਰਿਣਾਮ (Learning Outcomes) ਅਧਾਰਿਤ ਅਭਿਆਸੀ ਪ੍ਰਸ਼ਨ ਬੈਂਕ ਵਿਸ਼ੇ ਅਨੁਸਾਰ ਤਿਆਰ ਕਰਕੇ ਰੋਜ਼ਾਨਾ ਵਿਦਿਆਰਥੀਆਂ ਦਾ ਅਭਿਆਸ ਕਰਵਾਉਣ । ਪ੍ਰਸ਼ਨ ਬੈਂਕ ਤਿਆਰ ਕਰਨ ਵਿੱਚ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮਾਂ ਅਧਿਆਪਕਾਂ ਨੂੰ ਅਗਵਾਈ ਦੇਣ ਅਤੇ ਹਰ ਸਕੂਲ ਦੁਆਰਾ ਤਿਆਰ ਕੀਤੇ ਪ੍ਰਸ਼ਨਾਂ ਨੂੰ ਜ਼ਿਲ੍ਹਾ ਪੱਧਰ 'ਤੇ ਸੰਕਲਿਤ ਕੀਤਾ ਜਾਵੇ। ਵਿਸ਼ੇ ਅਨੁਸਾਰ ਸਭ ਤੋਂ ਚੰਗੇ ਪ੍ਰਸ਼ਨਾਂ ਦੀ ਚੋਣ ਕੀਤੀ ਜਾਵੇ ਅਤੇ ਜ਼ਿਲ੍ਹਾ ਪੱਧਰ 'ਤੇ ਅਜਿਹੇ ਅਧਿਆਪਕਾਂ ਨੂੰ ਪ੍ਰਸ਼ੰਸਾ ਪੱਤਰ ਦੇਣ ਲਈ ਵਿਚਾਰਿਆ ਜਾਵੇ।

2.4 ਵਿਦਿਆਰਥੀਆਂ ਦੇ ਪੱਧਰਾਂ ਨੂੰ ਜਾਂਚਣ ਲਈ NAS-2017 ਵਿੱਚ ਹੋਏ ਸਰਵੇ ਦੌਰਾਨ ਪਰਖੇ ਗਏ ਸਿੱਖਣ ਪਰਿਣਾਮਾਂ (Learning Outcomes) ਦੇ ਸਮੁੱਚੇ ਪੈਟਰਨ 'ਤੇ ਪ੍ਰਸ਼ਨ

Scanned with CamScanner

Scanned with CamScanner

ਪੱਤਰ ਬਣਾ ਕੇ ਸਕੂਲਾਂ ਪੱਧਰ 'ਤੇ ਟੈਸਟ ਜ਼ਰੂਰ ਲੈ ਲਿਆ ਜਾਵੇ ਤਾਂ ਜੋ ਔਖੇ ਲੱਗਣ ਵਾਲੇ ਸੰਕਲਪਾਂ (Concepts) ਦਾ ਵਿਦਿਆਰਥੀਆਂ ਨੂੰ ਅਭਿਆਸ ਕਰਵਾ ਕੇ ਲੋੜੀਦੀਂ ਯੋਗਤਾ ਉਹਨਾਂ ਵਿੱਚ ਪੈਦਾ ਕੀਤੀ ਜਾ ਸਕੇ।

2.5 ਮੁੱਖ ਦਫ਼ਤਰ ਵੱਲੋਂ ਵੀ ਵਿਦਿਆਰਥੀ ਦੇ ਅਭਿਆਸ ਲਈ ਸਿੱਖਣ ਪਰਿਣਾਮ (Learning Outcomes) ਅਧਾਰਿਤ ਸਪਲੀਮੈਂਟਰੀ ਮਟੀਰੀਅਲ ਪ੍ਰਿੰਟ ਕਰਵਾ ਕੇ ਸਕੂਲਾਂ ਨੂੰ ਭੇਜਿਆ ਗਿਆ ਹੈ, ਉਸ ਦੀ ਵਰਤੋਂ ਨੂੰ ਵੀ ਸਕੂਲ ਮੁਖੀਆਂ/ਅਧਿਆਪਕਾਂ ਦੁਆਰਾ ਯਕੀਨੀ ਬਣਾਇਆ ਜਾਵੇ। ਕੋਈ ਵੀ ਅਭਿਆਸੀ ਮਟੀਰੀਅਲ ਸਕੂਲ ਦੀਆਂ ਅਲਮਾਰੀਆਂ ਵਿੱਚ ਬੰਦ ਨਹੀਂ ਹੋਣਾ ਚਾਹੀਦਾ ਬਲਕਿ ਇਸ ਨੂੰ ਵਿਦਿਆਰਥੀਆਂ ਦੇ ਅਭਿਆਸ ਲਈ ਵਰਤੋਂ ਵਿੱਚ ਲਿਆਂਦਾ ਜਾਵੇ।

2.6 ਸਰਵੇ ਦੌਰਾਨ ਵਿਦਿਆਰਥੀਆਂ ਨੇ ਆਪਣੇ ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਬਾਅਦ OMR ਸ਼ੀਟ ਵੀ ਭਰਨੀ ਹੁੰਦੀ ਹੈ, ਜਿਸ ਦਾ ਅਭਿਆਸ ਘੱਟ ਹੋਣ ਕਰਕੇ ਵਿਦਿਆਰਥੀ ਕਈ ਵਾਰ ਗਲਤੀਆਂ ਕਰਦੇ ਹਨ।ਇਸ ਲਈ ਵਿਦਿਆਰਥੀਆਂ ਦੀ ਤਿਆਰੀ ਦੌਰਾਨ OMR ਸ਼ੀਟ 'ਤੇ ਆਪਣੇ ਉੱਤਰ ਭਰਨ ਦਾ ਅਭਿਆਸ ਵੀ ਕਰਵਾਇਆ ਜਾਵੇ।

2.7 ਵਿਦਿਆਰਥੀਆਂ ਦੇ ਅਭਿਆਸ ਲਈ ਆਉਣ ਵਾਲੇ ਦਿਨਾਂ ਵਿੱਚ ਆਨ-ਲਾਈਨ/ ਆਫ-ਲਾਈਨ ਮੁਲਾਂਕਣ ਪੱਤਰ ਵੀ ਤਿਆਰ ਕਰਕੇ ਭੇਜੇ ਜਾਣਗੇ। ਅਧਿਆਪਕ ਸਾਹਿਬਾਨ ਆਪਣੇ ਵਿਦਿਆਰਥੀਆਂ ਦੀ ਇਹਨਾਂ ਮੁਲਾਂਕਣ ਪ੍ਰੀਖਿਆਵਾਂ ਵਿੱਚ ਹਾਜ਼ਰੀ ਯਕੀਨੀ ਬਣਾਉਣ ਲਈ ਉਹਨਾਂ ਨੂੰ ਵੱਧ ਤੋਂ ਵੱਧ ਪ੍ਰੇਰਿਤ ਕਰਨ।

2.8 ਸਕੂਲਾਂ ਨੂੰ ਪ੍ਰਸ਼ਨ ਪੱਤਰਾਂ ਅਤੇ OMR ਸ਼ੀਟਾਂ ਦੀ ਉਪਲਬੱਧਤਾ ਲਈ ਫੰਡ ਵੀ ਆਉਣ ਵਾਲੇ ਦਿਨਾਂ ਵਿੱਚ ਮੁੱਖ ਦਫ਼ਤਰ ਤੋਂ ਭੇਜੇ ਜਾਣਗੇ।

2.9 ਔਖੇ ਵਿਸ਼ਿਆਂ/ ਸੰਕਲਪਾਂ (Concepts) ਬਾਰੇ ਸਮਝ ਬਣਾਉਣ ਲਈ ਈ-ਕੰਟੈਂਟ ਦੀ ਵਰਤੋਂ ਬਹੁਤ ਅਹਿਮ ਹੈ, ਵਿਦਿਆਰਥੀਆਂ ਦੇ ਸਿੱਖਣ ਪੱਧਰਾਂ ਨੂੰ ਉੱਚਾ ਚੁੱਕਣ ਲਈ ਸਕੂਲਾਂ ਵਿੱਚ ਉਪਲਬੱਧ ਪ੍ਰੋਜੈਕਟਰਾਂ/ ਐੱਲ.ਈ.ਡੀ, ਐਜੂਕੇਅਰ ਐਪ ਆਦਿ ਦੀ ਵਰਤੋਂ ਨੂੰ ਸੁਨਿਸ਼ਚਿਤ ਕੀਤਾ ਜਾਵੇ।

2.10 ਸਮੇਂ-ਸਮੇਂ 'ਤੇ ਵਿਦਿਆਰਥੀਆਂ ਦੇ ਸਿੱਖਣ ਪੱਧਰਾਂ ਨੂੰ ਜਾਂਚਣ ਲਈ ਅਤੇ ਕਮਜ਼ੋਰ ਪੱਖਾਂ ਦੀ ਨਿਸ਼ਾਨਦੇਹੀ ਕਰਦੇ ਹੋਏ ਹੋਰ ਸੁਧਾਰ ਕਰਨ ਦੇ ਉਦੇਸ਼ ਨਾਲ ਜੋ ਮੁਲਾਂਕਣ ਕੀਤਾ ਜਾਵੇਗਾ, ਉਹਨਾਂ ਪ੍ਰੀਖਿਆਵਾਂ ਦੇ ਡਾਟੇ ਹਰ ਅਧਿਕਾਰੀ ਆਪਣੇ ਜ਼ਿਲ੍ਹੇ/ਬਲਾਕ/ਕਲਸਟਰ ਅਨੁਸਾਰ ਵਿਸ਼ਲੇਸ਼ਣ ਕਰਨਗੇ ਅਤੇ ਸਕੂਲ ਮੁਖੀ/ਅਧਿਆਪਕ ਆਪਣੇ ਸਕੂਲ ਦੇ ਡਾਟੇ ਦਾ ਵਿਸ਼ਲੇਸ਼ਣ ਕਰਦੇ ਹੋਏ ਕੰਮ ਕਰਨਗੇ।

2.11 ਪਿਛਲੇ ਸਮੇਂ ਦੌਰਾਨ ਮਿਸ਼ਨ ਸ਼ਤ-ਪ੍ਰਤੀਸ਼ਤ ਤਹਿਤ ਰਿਸੋਰਸ ਅਧਿਆਪਕਾਂ ਦੁਆਰਾ ਬਹੁਤ ਚੰਗਾ ਕੰਮ ਕੀਤਾ ਗਿਆ ਹੈ, ਹੋਰ ਅਧਿਆਪਕਾਂ ਦੇ ਨਾਲ ਇਹਨਾਂ ਅਧਿਆਪਕਾਂ ਨੂੰ ਹਰ ਜ਼ਿਲ੍ਹੇ ਦੁਆਰਾ ਜ਼ਿਲ੍ਹਾ/ਬਲਾਕ ਪੱਧਰ 'ਤੇ ਆਪਣੇ ਰਿਸੋਰਸ ਗਰੁੱਪ ਵਿੱਚ ਜ਼ਰੂਰ ਸ਼ਾਮਲ ਕੀਤਾ ਜਾਵੇ।

3.0 ਵਿਦਿਆਰਥੀਆਂ ਦੇ ਪੜ੍ਹਾਈ ਸਮੇਂ ਅਤੇ ਹਰ ਤਰ੍ਹਾਂ ਦੇ ਮੁਲਾਂਕਣ ਦੌਰਾਨ COVID-19 ਬਾਰੇ ਜਾਰੀ ਹੋਈਆਂ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸਹੀ/-

ਸਕੱਤਰ ਸਕੂਲ ਸਿੱਖਿਆ, ਪੰਜਾਬ

[illegible handwritten endorsement] 2021 ... 23-08-2021

23/08/2021

Scanned with CamScanner

Scanned with CamScanner